# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ

E-Mail id: deose.bathinda@punjab.education.gov.in

ਵੱਲ

ਸਕੂਲ ਮੁਖੀ,
ਸਮੂਹ ਪ੍ਰਾਈਵੇਟ ਸਕੂਲਜ਼,(ਹਾਈ ਅਤੇ ਸੀਨੀਅਰ ਸੈਕੰਡਰੀ)
ਬਠਿੰਡਾ।
ਪੱਤਰ ਨੰ:- 1/1-2023 ਏ(ਜ)/2597
ਮਿਤੀ ਬਠਿੰਡਾ: 23.10.2023

ਵਿਸ਼ਾ- ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਆਦੇਸ਼ਾ ਅਨੁਸਾਰ ਮਿਤੀ 27/10/2023 ਨੂੰ NCORD ਸਬੰਧੀ ਸੈਮੀਨਾਰ ਲਗਾਉਣ ਸਬੰਧੀ।

ਹਵਾਲਾ- ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਦੇ ਪੱਤਰ ਨੰ:ਐਮ ਏ 2/ਐਮ.ਸੀ.6/4350-54 ਮਿਤੀ 17.10.2023

ਵਿਸ਼ਾ ਅੰਕਿਤ ਹਵਾਲਾ ਅਧੀਨ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਆਦੇਸ਼ਾ ਅਨੁਸਾਰ ਮਿਤੀ 27/10/2023 ਨੂੰ NCORD ਸਬੰਧੀ ਸਵੇਰੇ 10 :30 ਵਜੇ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਵਿਖੇ ਸੈਮੀਨਾਰ ਕਰਵਾਇਆ ਜਾਣਾ ਹੈ। ਇਸ ਸੈਮੀਨਾਰ ਵਿੱਚ ਜਿਲੇ ਦੇ ਸਮੂਹ ਸਕੂਲ ਮੁਖੀ (ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ) ਵੱਲੋਂ ਅਟੈਂਡ ਕੀਤਾ ਜਾਣਾ ਹੈ।। ਇਹ ਸੈਮੀਨਾਰ ਬੱਚਿਆਂ ਦੀ ਸਿਹਤ ਨਾਲ ਸਬੰਧਤ ਹੈ ਇਸ ਲਈ ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਨਿੱਜੀ ਤੌਰ ਤੇ ਸਮੇਂ ਸਿਰ ਸੈਮੀਨਾਰ ਅਟੈਂਡ ਕਰਨਾ ਯਕੀਨੀ ਬਣਾਇਆ ਜਾਵੇ। ਇਸ ਸੈਮੀਨਾਰ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਵੀ ਸ਼ਮੂਲੀਅਤ ਕੀਤੀ ਜਾਵੇਗੀ। ਪਹਿਲਾ ਵੀ ਇੱਕ ਵਾਰ ਸੈਮੀਨਾਰ ਕਰਵਾਇਆ ਗਿਆ ਸੀ ਜਿਸ ਵਿੱਚ ਬਹੁਤ ਹੀ ਘੱਟ ਸਕੂਲ ਮੁਖੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ ਸੀ ਜਿਸ ਕਰਕੇ ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋ ਗੰਭੀਰ ਨੋਟਿਸ ਲਿਆ ਗਿਆ ਸੀ। ਇਸ ਲਈ ਆਪ ਵੱਲੋਂ ਸੈਮੀਨਾਰ ਵਾਲੇ ਸਥਾਨ ਤੇ 10 ਵਜੇ ਤੱਕ ਪਹੁੰਚਣਾ ਯਕੀਨੀ ਬਣਾਇਆ ਜਾਵੇ।

ਨੱਥੀ: ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਪ੍ਰਾਪਤ ਪੱਤਰ ਦੀ ਕਾਪੀ।

23/10/23

ਜਿਲਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with OKEN Scanner